# ਅਮਰੀਕਾ ਦੀਆਂ ਹਾਕਮ ਜਮਾਤਾਂ ਦਾ ਦਿਲ ਜਿਤਣ ਲਈ ਮਨਮੋਹਨ ਸਿੰਘ ਦੇ ਤਰਲੇ

ਜੁਲਾਈ 19, 2005 ਨੂੰ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਅਮਰੀਕਾ ਦੀ ਕਾਂਗਰਸ ਨੂੰ ਸੰਬੋਧਤ ਕੀਤਾ। ਇਸ ਤਕਰੀਰ ਵਿਚ ਮਨਮੋਹਨ ਸਿੰਘ ਨੇ ਸਾਮਰਾਜ ਦੇ ਇਕ ਪੱਕੇ ਪਿੱਠੂ ਵਾਂਗ ਅਮਰੀਕੀ ਸਾਮਰਾਜ ਦੀ ਸਿਫ਼ਤਾਂ ਦੇ ਪੁਲ ਬੰਨ੍ਹੇ ਅਤੇ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਖ਼ੁਦ ਆਪਣੀ ਵਫ਼ਾਦਾਰੀ ਦੀਆਂ ਕਸਮਾਂ ਦੁਹਰਾਈਆਂ। ਆਪਣੇ ਭਾਸ਼ਣ ਰਾਹੀਂ ਮਨਮੋਹਨ ਸਿੰਘ ਅਮਰੀਕਾ ਦੀਆਂ ਹਾਕਮ ਜਮਾਤਾਂ ਨੂੰ ਯਕੀਨ ਦੁਆ ਰਿਹਾ ਸੀ ਕਿ ਅਮਰੀਕਾ ਨੂੰ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਵਲੋਂ ਕੋਈ ਫਿਕਰ ਕਰਨ ਦੀ ਲੋੜ ਨਹੀਂ। ਉਨ੍ਹਾਂ ਦਾ ਵੀ ਉਹੋ ਹੀ ਅਜੰਡਾ ਹੈ ਜਿਹੜਾ ਅਮਰੀਕਾ ਦਾ ਹੈ। ਅਮਰੀਕਾ ਵਿਚ ਅਜਾਰੇਦਾਰਾਂ ਦਾ ਇਕ ਧੜਾ ਹਿੰਦੁਸਤਾਨ ਦੀ ਹਾਕਮ ਜਮਾਤਾਂ ਤੇ ਸ਼ੱਕ ਕਰਦਾ ਹੈ ਕਿ ਇਹ ਚੀਨ ਅਤੇ ਰੂਸ ਨਾਲ ਮਿਲ ਕੇ ਏਸ਼ੀਆ ਵਿਚ ਅਮਰੀਕਾ ਦੇ ਹਿਤਾਂ ਨੂੰ ਖ਼ਤਰਾ ਬਣ ਸਕਦਾ ਹੈ। ਹਿੰਦੁਸਤਾਨ ਵਿਚ ਆਮ ਲੋਕਾਂ  ਵਿਚ ਅਮਰੀਕੀ ਸਾਮਰਾਜ ਦੀ ਹੈਂਕੜਬਾਜ਼ੀ ਅਤੇ ਇਰਾਕ ਉੱਤੇ ਹਮਲੇ ਖ਼ਿਲਾਫ਼ ਬਹੁਤ ਹੀ ਰੋਹ ਹੈ। ਮਨਮੋਹਨ ਸਿੰਘ ਨੇ ਆਪਣੀ ਤਕਰੀਰ ਰਾਹੀਂ ਇਨ੍ਹਾਂ ਸਾਰਿਆਂ ਨੂੰ ਇਹ ਦੱਸਿਆ ਹੈ ਕਿ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਸਰਕਾਰ ਹਿੰਦੁਸਤਾਨ ਦੀ ਲੁੱਟ ਖਸੁੱਟ ਕਰਨ ਲਈ ਅਮਰੀਕਾ ਨਾਲ ਆਪਣੀ ਹਿੱਸੇਦਾਰੀ ਹੋਰ ਵਧਾਉਣ ਲਈ ਉਦਮ ਕਰੇਗੀ ਅਤੇ ਕੋਈ ਐਸਾ ਕਦਮ ਨਹੀਂ ਚੁੱਕੇਗੀ ਜਿਸ ਨਾਲ ਅਮਰੀਕਾ ਦੇ ਵੱਡੇ ਸਰਮਾਏ ਨੂੰ ਕੋਈ ਨੁਕਸਾਨ ਹੋਵੇ। ਅਮਰੀਕਨ ਸਾਮਰਾਜ ਨੇ ਵੀ ਮਨਮੋਹਨ ਸਿੰਘ ਨੂੰ ਯਕੀਨ ਦੁਆਇਆ ਹੈ ਕਿ ਉਹ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਨੂੰ ਲੋਕਾਂ ਤੋਂ ਜੇ ਕੋਈ ਖ਼ਤਰਾ ਬਣਿਆ ਤਾਂ ਉਹ ਉਨ੍ਹਾਂ ਦੀ ਲੋਕਾਂ ਖ਼ਿਲਾਫ਼ ਪੂਰੀ ਮਦਦ ਕਰਨਗੇ।

ਅਮਰੀਕੀ ਪ੍ਰਸ਼ਾਸਨ ਅਤੇ ਹਾਕਮ ਜਮਾਤਾਂ ਦਾ ਦਿਲ ਜਿਤਣ ਲਈ ਮਨਮੋਹਨ ਸਿੰਘ ਨੇ ਜੋ ਭਾਸ਼ਣ ਦਿਤਾ ਉਹਦਾ ਅਸਲੀ ਮਤਲਬ ਇਹ ਸੀਃ

ਤੁਹਾਡੀ ਲਿਬਰਲ ਡੈਮੋਕ੍ਰੇਸੀ, ਜਿਹਦੀ ਬੁਨਿਆਦ ਲੋਕਾਂ ਦੀ ਕਤਲੋਗਾਰਤ ਅਤੇ ਉਨ੍ਹਾਂ ਦੇ ਹੱਕਾਂ ਉੱਤੇ ਹਮਲਿਆਂ ਉੱਤੇ ਕਾਇਮ ਹੈ, ਸਾਨੂੰ ਵੀ ਬੜੀ ਰਾਸ ਆ ਗਈ ਹੈ ਅਤੇ ਆਪਣੇ ਲੋਕਾਂ ਉੱਤੇ ਹਮਲੇ ਕਰਨ ਵਿਚ ਅਸੀਂ ਇਕੱਠੇ ਹਾਂ। ਜਿਸ ਤਰਾਂ ਅਮਰੀਕਨ ਸਾਮਰਾਜ ਆਪਣੇ ਲੋਕਾਂ ਦੇ ਹੱਕਾਂ ਉੱਤੇ ਦਹਿਸ਼ਤਗਰਦੀ ਖ਼ਿਲਾਫ਼ ਜੰਗ ਦੇ ਬੁਰਕੇ ਵਿਚ ਹਮਲੇ ਕਰ ਰਿਹਾ ਹੈ ਇਸੇ ਤਰਾਂ ਅਸੀਂ ਵੀ ਕਰਦੇ ਆਏ ਹਾਂ ਅਤੇ ਕਰ ਰਹੇ ਹਾਂ। ਜਿਸ ਤਰਾਂ ਵੱਡੇ ਸਰਮਾਏ ਨੇ ਅਮਰੀਕਨ ਮਜ਼ਦੂਰਾਂ, ਛੋਟੇ ਕਿਸਾਨਾਂ, ਕਰਮਚਾਰੀਆਂ, ਔਰਤਾਂ, ਘੱਟ ਗਿਣਤੀਆਂ ਦੀ ਛਿੱਲ ਲਾਹੁਣ ਦਾ ਕੰਮ ਕੀਤਾ ਹੈ ਅਸੀਂ ਵੀ ਉਸੇ ਤਰ੍ਹਾਂ ਹੀ ਕਰ ਰਹੇ ਹਾਂ। ਜਿਹੜੇ ਮਾੜੇ ਮੋਟੇ ਹੱਕ ਲੋਕਾਂ ਨੇ ਬਰਤਾਨਵੀ ਸਾਮਰਾਜ ਦੇ ਖ਼ਿਲਾਫ਼ ਆਜ਼ਾਦੀ ਦੀ ਜੱਦੋ-ਜਹਿਦ ਵਿਚ ਜਿੱਤੇ ਸੀ ਉਹ ਅਸੀਂ ਤੁਹਾਡੇ ਵਾਂਗ ਹੀ ਖੋਹ ਰਹੇ ਹਾਂ। ਸਾਡਾ ਯਕੀਨ ਕਰੋ ਕਿ ਅਸੀ ਇਸੇ ਤਰ੍ਹਾਂ ਸਮਾਜ ਵਿਰੋਧੀ ਰਾਹ ਤੇ ਚਲਦੇ ਰਹਾਂਗੇ। ਸਾਨੂੰ ਤੁਹਾਡੀ ਨਜ਼ਰ ਸਵੱਲੀ ਚਾਹੀਦੀ ਹੈ ਅਤੇ ਅਸੀਂ ਤੁਹਾਡੀ ਅਗਵਾਈ ਨਾਲ ਲੋਕਾਂ ਦੀ ਲੁੱਟ ਅਤੇ ਉਨ੍ਹਾਂ ਦੇ ਹੱਕਾਂ ਤੇ ਹੋਰ ਹਮਲੇ ਕਰਨ ਦਾ ਯਕੀਨ ਦੁਆਉਂਦੇ ਹਾਂ। ਇਸ ਲਈ ਇਸ ਸਾਰੀ ਗੱਲ ਵਿਚ ਤੁਸੀਂ ਸਾਨੂੰ ਆਪਣਾ ਹਿੱਸੇਦਾਰ ਅਤੇ ਜੋਟੀਦਾਰ ਸਮਝੋ। ਅਸੀਂ ਤੁਹਾਡੇ ਹਰ ਭੈੜੇ ਕੰਮ ਵਿਚ ਤੁਹਾਡੇ ਨਾਲ ਹਾਂ। ਦਹਿਸ਼ਤਗਰਦੀ ਖ਼ਿਲਾਫ਼ ਜੰਗ ਦੇ ਬਹਾਨੇ ਹੇਠ ਤੁਸੀਂ ਜਿਹੜਾ ਵੀ ਲੋਕ ਵਿਰੋਧੀ ਕੰਮ ਕਰੋਗੇ ਅਸੀਂ ਉਹਦੇ ਨਾਲ ਹਾਂ ਕਿਉਂਕਿ ਸਾਡਾ ਮੰਤਵ ਵੀ ਇਹੋ ਹੈ ਜਿਹੜਾ ਤੁਹਾਡਾ। ਆਪਾਂ ਨੂੰ ਹੋਰ ਨੇੜੇ ਆਉਣਾ ਚਾਹੀਦਾ ਹੈ। ਸਾਡੀਆਂ ਕਦਰਾਂ ਕੀਮਤਾਂ ਸਾਂਝੀਆਂ ਹਨ ਅਤੇ ਜੇ ਕਿਸੇ ਗੱਲ ਤੇ ਆਪਾਂ ਵਿਚ ਸਹਿਮਤੀ ਨਹੀਂ ਤਾਂ ਉਹ ਕੋਈ ਵੱਡੀ ਗੱਲ ਨਹੀਂ ਕਿਉਂਕਿ ਬੁਨਿਆਦੀ ਤੌਰ ਤੇ ਆਪਣੇ ਮੁਫ਼ਾਦ ਸਾਂਝੇ ਹਨ।

ਮਨਮੋਹਨ ਸਿੰਘ ਨੇ ਅਮਰੀਕਨ ਸਾਮਰਾਜ ਨੂੰ ਇਸ ਗੱਲ ਦਾ ਵੀ ਯਕੀਨ ਦੁਆਇਆ ਕਿ ਹਿੰਦੁਸਤਾਨੀ ਰਾਜ ਤੰਤਰ ਅਤੇ ਉਹਦੀ ਸਰਕਾਰ ਲੋਕਾਂ ਦੇ ਹੱਕਾਂ ਦੀ ਹਰੇਕ ਜੱਦੋ-ਜਹਿਦ ਨੂੰ ਗੋਲੀ ਅਤੇ ਬਾਰੂਦ ਨਾਲ ਕੁਚਲ ਦੇਵੇਗੀ ਇਸ ਕਰਕੇ ਉਥੇ ਪੂੰਜੀ ਲਾਉਣ ਬਾਰੇ ਉਨ੍ਹਾਂ ਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ। ਜਿਸ ਤਰਾਂ ਅਮਰੀਕਾ ਦੇ ਰਾਜ ਤੰਤਰ ਅਤੇ ਅਦਾਰੇ ਅਮਰੀਕਨ ਲੋਕਾਂ ਦੇ ਹੱਕਾਂ ਦੇ ਖ਼ਿਲਾਫ਼ ਕੰਮ ਕਰਦੇ ਹਨ ਇਸੇ ਤਰਾਂ ਸਾਡੇ ਅਦਾਰੇ ਵੀ ਜਿਹੜੇ ਕਿ ਅੰਗ੍ਰੇਜ਼ ਨੇ ਕਾਇਮ ਕੀਤੇ ਸੀ ਲੋਕਾਂ ਦੇ ਹੱਕਾਂ ਖ਼ਿਲਾਫ਼ ਵਧੀਆ ਕੰਮ ਕਰ ਰਹੇ ਹਨ। ਪਾਰਲੀਮੈਂਟ, ਸਰਕਾਰ, ਕਚਹਿਰੀਆਂ ਬਹੁਤ ਹੀ ਲੰਮੇ ਅਰਸੇ ਤੋਂ ਇਹ ਕੰਮ ਕਰਦੇ ਆਏ ਹਨ ਅਤੇ ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਲੋਕ ਵਿਰੋਧੀ ਕੰਮ ਕਰਨ ਵਾਲੇ ਸਾਡੇ ਇਹ ਸਭ ਅਦਾਰੇ ਭਵਿਖ ਵਿਚ ਹੋਰ ਵੀ ਚੁਸਤੀ ਨਾਲ ਕੰਮ ਕਰਨਗੇ। ਤੁਹਾਨੂੰ ਕਿਸੇ ਤਰਾਂ ਦਾ ਫਿਕਰ ਕਰਨ ਦੀ ਲੋੜ ਨਹੀ, ਏਸ਼ੀਆ ਵਿਚ ਤੁਸੀਂ ਸਾਨੂੰ ਆਪਣਾ ਵਫ਼ਾਦਾਰ ਸਾਥੀ ਸਮਝੋ। ਚੋਣਾਂ ਵਿਚ ਜਿਹੋ ਜਿਹੀ ਭੰਗ ਤੁਹਾਡੇ ਭੁੱਜਦੀ ਹੈ ਉਹੋ ਜਿਹੀ ਹੇਰਾ ਫੇਰੀਆਂ ਸਾਡੇ ਵੀ ਹੁੰਦੀਆਂ ਹਨ। ਜਿਸ ਤਰਾਂ ਚੋਣਾਂ ਰਾਹੀਂ ਤੁਸੀਂ ਲੋਕਾਂ ਨੂੰ ਸਿਆਸੀ ਤਾਕਤ ਤੋਂ ਖੁੱਡੇ ਲਾ ਕੇ ਰੱਖਦੇ ਹਾਂ ਅਸੀਂ ਵੀ ਉਂਜ ਹੀ ਕਰਦੇ ਹਾਂ। ਇਸ ਕਰਕੇ ਹਰ ਪੱਖੋਂ ਸਾਡੀ ਸਾਂਝ ਹੈ।

ਮਨਮੋਹਨ ਸਿੰਘ ਨੇ ਕਿਹਾ ਕਿ ਉਹਨੇ ਅਤੇ ਜਾਰਜ ਬੁਸ਼ ਨੇ ਇਹੋ ਜਿਹੀ ਰਾਜ ਵਿਵਸਥਾ ਹਰ ਥਾਂ ਕਾਇਮ ਕਰਨ ਲਈ ਇਕ ਸਾਂਝਾ ਉਦਮ ਕਰਨ ਦਾ ਇਰਾਦਾ ਕੀਤਾ ਹੈ। ਅਸੀਂ ਇਕੱਠੇ ਇਹ ਕੰਮ ਕਰਾਂਗੇ। ਜਿੱਥੇ ਵੀ ਜਾਰਜ ਬੁਸ਼ ਇਹੋ ਜਿਹੀ ਜਮਹੂਰੀਅਤ ਕਾਇਮ ਕਰਨ ਦਾ ਇਰਾਦਾ ਕਰੇਗਾ ਅਸੀਂ ਉਸ ਦਾ ਸਾਥ ਦਿਆਂਗੇ। ਇਸ ਕਰਕੇ ਯੂ.ਐਨ.ਓ. ਦੀ ਸਿਕਿਉਰਿਟੀ ਕੌਂਸਲ ਵਿਚ ਸਾਨੂੰ ਵੀ ਸੀਟ ਦੇਣ ਬਾਰੇ ਤੁਹਾਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ। ਅਸੀਂ ਤੁਹਾਡੇ ਵਫ਼ਾਦਾਰ ਬੰਦੇ ਹਾਂ।

ਹਿੰਦੁਸਤਾਨ ਵਿਚ ਸਮਾਜ-ਵਿਰੋਧੀ ਹਮਲੇ ਵਾਲੇ ਆਰਥਕ ਸੁਧਾਰਾਂ ਬਾਰੇ ਗੱਲ ਕਰਦੇ ਹੋਏ ਮਨਮੋਹਨ ਸਿੰਘ ਨੇ ਕਿਹਾ ਕਿ ਅਮਰੀਕਾ ਨੂੰ ਕੋਈ ਫਿਕਰ ਕਰਨ ਦੀ ਲੋੜ ਨਹੀਂ ਅਸੀਂ ਇਨ੍ਹਾਂ ਸੁਧਾਰਾਂ ਨੂੰ ਸਥਾਈ ਅਤੇ ਸਿੱਕੇਬੰਦ ਕਰ ਰਹੇ ਹਾਂ। ਕਈ ਬਾਰ ਸ਼ਾਇਦ

ਅਮਰੀਕਾ ਨੂੰ ਇੰਜ ਲੱਗ ਰਿਹਾ ਹੋਵੇ ਕਿ ਅਸੀਂ ਇਹ ਹਮਲੇ ਜਥੇਬੰਦ ਕਰਨ ਵਿਚ ਢਿੱਲ ਕਰ ਰਹੇ ਹਾਂ ਪਰ ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਅਸੀਂ ਇਹ ਹਮਲੇ ਹੋਰ ਤੇਜ਼ ਰਫ਼ਤਾਰ ਨਾਲ ਕਰਾਂਗੇ ਅਤੇ ਜਾਰੀ ਰੱਖਾਂਗੇ। ਸਾਡੀ ਮਜਬੂਰੀ ਨੂੰ ਸਮਝੋ, ਅਸੀਂ ਕੀ ਕਰੀਏ ਸਾਡੇ ਮੁਲਕ ਦੀ ਅਬਾਦੀ ੧ ਬਿਲੀਅਨ ਦੇ ਕਰੀਬ ਹੈ ਅਤੇ ਉਥੇ ਦੇ ਲੋਕ ਆਪਣੀ ਸੋਚ ਅਤੇ ਸੂਝ ਵੀ ਰਖਦੇ ਹਨ। ਇਸ ਕਰਕੇ ਹਜ਼ੂਰ ਤੁਹਾਨੂੰ ਕੁਝ ਸਬਰ ਕਰਨ ਦੀ ਲੋੜ ਹੈ। ਅਮਰੀਕਾ ਦੀਆਂ ਵੱਡੀਆਂ 500 ਕੰਪਨੀਆਂ ਵਿਚੋਂ 400 ਉਥੇ ਪਹੁੰਚ ਚੁੱਕੀਆਂ ਹਨ। ਵੱਡੇ ਸਰਮਾਏ ਦੇ ਧੁੱਸ ਲਈ ਅਸੀਂ ਹੋਰ ਵੀ ਰਾਹ ਮੋਕਲਾ ਕਰ ਰਹੇ ਹਾਂ। ਹਿੰਦੁਸਤਾਨ ਦੇ ਕੁਦਰਤੀ ਸਾਧਨਾਂ ਅਤੇ ਲੋਕਾਂ ਦੀ ਮਿਹਨਤ ਨੂੰ ਲੁੱਟਣ ਵਿਚ ਤੁਹਾਡੀ ਹਰ ਅੜਚਣ ਦੂਰ ਕਰਾਂਗੇ। ਸਾਡਾ ਵੀ ਇਸੇ ਵਿਚ ਫਾਇਦਾ ਹੈ, ਇਸ ਕੰਮ ਵਿਚ ਅਸੀਂ ਇਕੱਠੇ ਹਿੱਸੇਦਾਰ ਹਾਂ। ਪਰ ਇਹਦੇ ਲਈ ਸਾਨੂੰ ਵਿਦੇਸ਼ੀ ਸਰਮਾਏ ਦੀ ਬਹੁਤ ਹੀ ਜ਼ਿਆਦਾ ਲੋੜ ਹੈ ਜੋ ਅਮਰੀਕਨ ਕੰਪਨੀਆਂ ਦੇ ਵੀ ਫਾਇਦੇ ਵਿਚ ਹੈ। ਅਸੀਂ ਆਪਣੇ ਪੁਰਾਣੇ ਕਾਨੂੰਨ ਬਦਲ ਰਹੇ ਹਾਂ ਤਾਂ ਕਿ ੇਸ਼ੀ ਸਰਮਾਏ ਨੂੰ ਕੋਈ ਦਿੱਕਤ ਅਤੇ ਅੜਚਨ ਨਾਂ ਹੋਵੇ। ਸਾਡਾ ਪੜਿਆ ਲਿਖਿਆ ਤਬਕਾ ਅਮਰੀਕਾ ਦੀ ਸੇਵਾ ਵਿਚ ਹਾਜ਼ਰ ਹੈ। ਅਸੀਂ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਅੰਗ੍ਰੇਜ਼ੀ ਦੀ ਪੜਾਈ ਕਰਾਉਂਦੇ ਹਾਂ ਅਤੇ ਆਪਣੇ ਵਿਰਸੇ ਬਾਰੇ ਉਨ੍ਹਾਂ ਨੂੰ ਕੁਝ ਵੀ ਨਹੀਂ ਦੱਸਿਆ ਜਾਂਦਾ ਹੈ। ਹਿੰਦੁਸਤਾਨ ਦੀ ਲੁੱਟ ਲਈ ਡਬਲਯੂ.ਟੀ.ਓ. ਦੀਆਂ ਹਦਾਇਤਾਂ ਮੁਤਾਬਿਕ ਅਸੀਂ ਆਪਣੇ ਕਾਨੂੰਨ ਬਦਲ ਲਏ ਹਨ ਜਿਨ੍ਹਾਂ ਨਾਲ ਸਰਮਾਇਆ ਲਾਉਣ ਵਿਚ ਆਸਾਨੀ ਅਤੇ ਖੁੱਲ ਹੋਵੇਗੀ। ਇਸ ਕੰਮ ਨੂੰ ਹੋਰ ਤੇਜ਼ ਕਰਨ ਲਈ ਅਤੇ ਹਿੰਦੁਸਤਾਨ ਦੀ ਲੁੱਟ ਦਾ ਪੂਰਾ ਫਾਇਦਾ ਉਠਾਉਣ ਲਈ ਜਾਰਜ ਬੁਸ਼ ਨਾਲ ਮੈ ਹਿੰਦੁਸਤਾਨ ਅਤੇ ਅਮਰੀਕਾ ਦੀਆਂ 10-10 ਵੱਡੀਆਂ ਕੰਪਨੀਆਂ ਦੇ ਪ੍ਰਧਾਨਾਂ ਦੀ ਇਕ ਸਾਂਝੀ ਮਿਲਣੀ ਦਾ ਬੰਦੋਬਸਤ ਕੀਤਾ ਹੈ। ਇਸ ਨਾਲ ਦੋਹਾਂ ਮੁਲਕਾਂ ਦੇ ਵੱਡੇ ਲੁਟੇਰੇ ਇਕ ਦੂਜੇ ਨਾਲ ਹੋਰ ਵਧੀਆ ਤਾਲ ਮੇਲ ਕਰ ਸਕਣਗੇ।

ਦਿਹਾਤੀ ਇਲਾਕੇ ਅਤੇ ਖੇਤੀ ਬਾਰੇ ਗੱਲ ਕਰਦੇ ਹੋਏ ਮਨਮੋਹਨ ਸਿੰਘ ਨੇ ਕਿਹਾ ਕਿ ਅਜੇ ਵੀ ਹਿੰਦੁਸਤਾਨ ਦੀ ਜ਼ਿਆਦਾ ਆਬਾਦੀ ਖੇਤੀਬਾੜੀ ਤੇ ਨਿਰਭਰ ਹੈ। ਪਿਛਲੇ ਦਹਾਕਿਆਂ ਵਿਚ ਅਮਰੀਕਾ ਦੀ ਮਦਦ ਨਾਲ ਹਰੀ ਕਰਾਂਤੀ ਨਾਲ ਉਨ੍ਹਾਂ ਦੀ ਚੰਗੀ ਛਿੱਲ ਲਹੀ ਹੈ ਤੇ ਇਸ ਲੁੱਟ ਨੂੰ ਹੁਣ ਹੋਰ ਤੇਜ਼ ਕਰਨ ਲਈ ਜਾਰਜ ਬੁਸ਼ ਨਾਲ ਮੈਂ ਇਕ ਹੋਰ ਸਾਂਝਾ ਉਦਮ ਕਰਨ ਦਾ ਸਮਝੌਤਾ ਕੀਤਾ ਹੈ। ਇਸ ਨਾਲ ਵੱਡੇ ਜਗੀਰਦਾਰ ਅਤੇ ਜ਼ਿਮੀਂਦਾਰ ਸਿੱਧੇ ਹੀ ਦੁਨੀਆ ਦੀਆਂ ਮੰਡੀਆਂ ਨਾਲ ਜੁੜ ਜਾਣਗੇ ਅਤੇ ਅਨਾਜ ਦੀ ਥਾਂ ਤੇ ਹੋਰ ਫਸਲਾਂ ਉਗਾ ਸਕਣਗੇ ਜਿਸ ਨਾਲ ਛੋਟੇ ਕਿਸਾਨਾਂ ਅਤੇ ਬੇਜ਼ਮੀਨੇ ਕਿਸਾਨਾਂ ਦਾ ਪਹਿਲਾਂ ਨਾਲੋਂ ਜ਼ਿਆਦਾ ਘਾਣ ਹੋਵੇਗਾ।

ਪਰਮਾਣੂ ਸ਼ਕਤੀ ਦੇ ਖੇਤਰ ਵਿਚ ਮਨਮੋਹਨ ਨੇ ਕਿਹਾ ਕਿ ਅਸੀਂ ਫੌਜੀ ਅਤੇ ਗੈਰ-ਫੌਜੀ ਸੈਕਟਰ ਨੂੰ ਵੱਖ ਵੱਖ ਕਰਾਂਗੇ ਅਤੇ ਗੈਰ ਫੌਜੀ ਹਿੱਸੇ ਲਈ ਅਮਰੀਕਾ ਨਾਲ ਤਾਲ ਮੇਲ ਕਰਾਂਗੇ। ਜਾਰਜ ਬੁਸ਼ ਨੇ ਕਿਹਾ ਕਿ ਇਸ ਵਫ਼ਾਦਾਰੀ ਅਤੇ ਹਿੱਸੇਦਾਰੀ ਲਈ ਅਮਰੀਕਾ ਹਿੰਦੁਸਤਾਨ ਨੂੰ ਇਕ ਜ਼ਿੰਮੇਵਾਰ ਪ੍ਰਮਾਣੂ ਤਕਨੌਲੌਜੀ ਵਾਲਾ ਮੁਲਕ ਕਬੂਲ ਕਰ ਲਏਗਾ ਅਤੇ ਤਾਰਾ ਪੁਰ ਦੇ ਪਰਮਾਣੂ ਰਿਐਕਟਰ ਲਈ ਬਾਲਣ ਦੇਵੇਗਾ। ਮਨਮੋਹਨ ਸਿੰਘ ਨੇ ਕਿਹਾ ਕਿ ਅਮਰੀਕਾ ਦੀ ਮਦਦ ਨਾਲ ਅਸੀਂ ਪਰਮਾਣੂ ਸ਼ਕਤੀ ਦੇ ਇਸਤੇਮਾਲ ਨਾਲ ਹੋਰ ਜ਼ਿਆਦਾ ਬਿਜਲੀ ਪੈਦਾ ਕਰਨ ਦੇ ਕਾਬਲ ਹੋ ਜਾਵਾਂਗੇ ਜਿਸ ਦੀ ਸਾਨੂੰ ਬਹੁਤ ਹੀ ਲੋੜ ਹੈ।

ਅਮਰੀਕਾ ਦੇ ਪ੍ਰਧਾਨ ਜਾਰਜ ਬੁਸ਼ ਅਤੇ ਮੀਡੀਏ ਨੇ ਮਨਮੋਹਨ ਸਿੰਘ ਦੇ ਦੌਰੇ ਦੀ ਬਹੁਤ ਹੀ ਸਿਫ਼ਤ ਕੀਤੀ ਅਤੇ ਅਮਰੀਕਾ ਲਈ ਲਾਹੇਵੰਦ ਦੱਸਿਆ ਹੈ। ਅਮਰੀਕਾ ਦੇ ਵੱਡੇ ਸਰਮਾਏਦਾਰਾਂ ਦਾ ਮਨਮੋਹਨ ਨੇ ਮਨ ਮੋਹ ਲਿਆ ਹੈ। ਉਹ ਹਿੰਦੁਸਤਾਨ ਨੂੰ ਇਕ ਜ਼ਿੰਮੇਵਾਰ ਤਾਕਤ ਅਤੇ ਸਾਂਝੀਦਾਰੀ ਕਬੂਲ ਕਰਨ ਨੂੰ ਤਿਆਰ ਹਨ।